ਲਐਕਚਰ 2

## ਨੈਸ਼ਨਲ ਕਾਂਗਰਸ ਦੀ ਸਥਾਪਨਾ 1885

ਹੌਲੀ ਹੌਲੀ ਅਨੇਕਾਂ ਕਾਰਨਾਂ ਦੇ ਸਿੱਟੇ ਵਜੋਂ ਭਾਰਤੀ ਲੋਕਾਂ ਵਿੱਚ ਰਾਜਨੀਤਕ ਚੇਤਨਾ ਦਾ ਉਭਾਰ ਹੋਣ ਲੱਗਾ ਇਸ ਜਾਗਰਤੀ ਦੇ ਬਹੁਤ ਸਾਰੇ ਕਾਰਨ ਸਨ ਅਤੇ ਇਹ ਕਾਰਨ ਹੀ ਰਾਸ਼ਟਰੀ ਕਾਂਗਰਸ ਦੇ ਉਭਾਰ ਲਈ ਜ਼ਿੰਮੇਵਾਰ ਸਾਬਤ ਹੋਏ। ਜਿਨ੍ਹਾਂ ਬਾਰੇ ਅਸੀਂ ਹੇਠ ਲਿਖੇ ਅਨੁਸਾਰ ਚਰਚਾ ਕਰਦੇ ਹਾਂ।

### 1 ਬ੍ਰਿਟਿਸ਼ ਰਾਜ ਦਾ ਸਰੂਪ

ਭਾਰਤ ਵਿਚ ਰਾਜਨੀਤਿਕ ਚੇਤਨਾ ਅਤੇ ਰਾਸ਼ਟਰਵਾਦ ਦੀ ਉਤਪੱਤੀ ਦਾ ਮੂਲ ਤੇ ਖਾਸ ਕਾਰਨ ਰਾਜ ਦਾ ਉਪ ਨਿਵੇਸ਼ਵਾਦ ਰੂਪ ਸੀ। ਅੰਗ੍ਰੇਜ਼ਾਂ ਤੋਂ ਪਹਿਲਾਂ ਮੁਗਲਾਂ ਨੇ ਭਾਰਤ ਵਿਚ ਸਾਮਰਾਜ ਸਥਾਪਤ ਕੀਤੇ ਸਨ ਵੀਦੇਸੀ ਹੁੰਦੇ ਹੋਏ ਵੀ ਉਨ੍ਹਾਂ ਨੇ ਇਸ ਨੂੰ ਅਪਣਾ ਲਿਆ ਸੀ ਅਤੇ ਭਾਰਤੀਆਂ ਲਈ ਬਹੁਤ ਸਾਰੇ ਕੰਮ ਕੀਤੇ ਸਨ। ਇਸ ਦੇ ਉਲਟ ਅੰਗਰੇਜ਼ ਭਾਰਤ ਵਿਚ ਆਪਣਾ ਸਾਮਰਾਜ ਸਥਾਪਤ ਕਰਨ ਉਪਰੰਤ ਵੀ ਅਮਲੀ ਰੂਪ ਵਿੱਚ ਵਦੇਸੀ ਹੀ ਰਹੇ ਸਨ ਭਾਰਤ ਦੇ ਰਾਜਨੀਤਿਕ ਅਤੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਉੱਨਤੀ ਦੇ ਰਸਤੇ ਵਿੱਚ ਵੱਡੀ ਰੁਕਾਵਟ ਬਣ ਗਿਆ ਸੀ ਭਾਰਤੀਆਂ ਵਿਚ ਇਹ ਜਾਗਰਤੀ ਆ ਗਈ ਸੀ ਕਿ ਉਨ੍ਹਾਂ ਦੀਆਂ ਬਹੁਤੀਆਂ ਸਮੱਸਿਆਵਾਂ ਇਨ੍ਹਾਂ ਵਿਦੇਸ਼ੀਆਂ ਦੇ ਕਾਰਨ ਕੀ ਹਨ।

### 2 ਸਮਾਜਿਕ ਅਤੇ ਧਾਰਮਿਕ ਸੁਧਾਰ

19ਵੀਂ ਸਦੀ ਵਿੱਚ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਸਮੇਂ ਸਮੇਂ ਤੇ ਕਈ ਮਹਾਨ ਸੁਦਆਰਕ ਹੋਏ ਇਨ੍ਹਾਂ ਵਿੱਚੋਂ ਰਾਜਾ ਰਾਮ ਮੋਹਨ ਰਾਏ ਦਾ ਨਾਂ ਆਉਂਦਾ ਹੈ। ਉਨ੍ਹਾਂ ਨੇ ਜਾਤੀ ਪ੍ਰਥਾ ਛੂਤ-ਛਾਤ ਅਤੇ ਸਤੀ ਪ੍ਰਥਾ ਆਦਿ ਸਮਾਜਿਕ ਬੁਰਾਈਆਂ ਵਿਰੁੱਧ ਪ੍ਰਚਾਰ ਕੀਤਾ ਅਤੇ ਧਾਰਮਿਕ ਭੇਦਭਾਵ ਨੂੰ ਦੂਰ ਕਰਨ ਲਈ ਬਰਮੋਂ ਸਮਾਜ ਦੀ ਸਥਾਪਨਾ ਕੀਤੀ।
ਰਾਜਾ ਰਾਮ ਮੋਹਨ ਰਾਏ ਦੇ ਪਿੱਛੋਂ ਸੁਆਮੀ ਦਿਆਨੰਦ ਸਰਸਵਤੀ ਭਾਰਤ ਦੇ ਪ੍ਰਸਿੱਧ ਸਮਾਜ ਸੁਧਾਰਕ ਹੋਏ ਆਰੀਆ ਸਮਾਜ ਨੇ ਵੀ ਵਧ ਕੇ ਭਾਰਤੀ ਰਾਸਟਰੀ ਜਾਗਰਤੀ ਪੈਦਾ ਕਰਨ ਵਿੱਚ ਹਿੱਸਾ ਪਾਇਆ ਸੁਆਮੀ ਦਿਆਨੰਦ ਦੇ ਭਾਰਤ ਭਾਰਤੀਆਂ ਲਈ ਹੈ ਵੈਦਿਕ ਸੱਭਿਅਤਾ ਨੂੰ ਅਪਣਾਉਣ ਦੀ ਪ੍ਰੇਰਨਾ ਜਨਕ ਨਾਅਰੇ ਨੇ ਲੋਕਾਂ ਦੇ ਦਿਲਾਂ ਉਤੇ ਖਾਸ ਪ੍ਰਭਾਵ ਛੱਡਿਆ।

### 3 ਭਾਰਤ ਦੀ ਰਾਜਨੀਤਕ ਤੇ ਪ੍ਰਸ਼ਾਸਨਿਕ ਏਕਤਾ

ਅੰਗਰੇਜ਼ਾਂ ਨੇ ਭਾਰਤ ਦੇ ਜ਼ਿਆਦਾਤਰ ਇਲਾਕਿਆਂ ਨੂੰ ਫਤਹਿ ਕਰਕੇ ਦੇਸ਼ ਵਿੱਚ ਰਾਜਨੀਤਕ ਏਕਤਾ ਤੇ ਸਥਿਰਤਾ ਬਣਾਈ ਇੱਕੋ ਜਿਹੇ ਕਨੂੰਨ ਲਾਗੂ ਕੀਤੇ ਇਸ ਲਈ ਉਨ੍ਹਾਂ ਵਿੱਚ ਏਕਤਾ ਅਤੇ ਰਾਸ਼ਟਰੀਅਤਾ ਦੀਆਂ ਭਾਵਨਾਵਾਂ ਜਾਗਰਤ ਹੋਣਾਂ ਸੁਭਾਵਕ ਹੀ ਸਨ ਇਹ ਕਿਹਾ ਜਾਂਦਾ ਹੈ ਕੇ ਬ੍ਰਿਟਿਸ਼ ਰਾਜ ਨੇ ਭਾਰਤ ਦੇ ਜ਼ਖਮੀ ਸਰੀਰ ਨੂੰ ਫੌਲਾਦੀ ਢਾਂਚੇ ਵਿੱਚ ਤਬਦੀਲ ਕਰ ਦਿੱਤਾ।

### 4 ਪੱਛਮੀ ਸਿੱਖਿਆ ਦਾ ਪ੍ਰਭਾਵ

ਭਾਰਤ ਵਿਚ ਪੱਛਮੀ ਸਿੱਖਿਆ ਦਾ ਪ੍ਰਸਾਰ ਰਾਸ਼ਟਰੀ ਚੇਤਨਾ ਦਾ ਇੱਕ ਮਹੱਤਵਪੂਰਨ ਕਾਰਨ ਬਣਿਆ ਉਸ ਸਮੇਂ ਬਹੁਤ ਵੱਧ ਗਿਣਤੀ ਵਿੱਚ ਭਾਰਤੀਆਂ ਨੇ ਸਕੂਲਾਂ ਦੇ ਵਿੱਚ ਜਾ ਕੇ ਪੱਛਮੀ ਸਿੱਖਿਆ ਪ੍ਰਾਪਤ ਕੀਤੀ ਸੀ ਜਿਸ ਨੇ ਉਨ੍ਹਾਂ ਵਿੱਚ ਰਾਟਰੀਅਤਾ ਦੇ ਭਾਵ ਨੂੰ ਪੈਦਾ ਕੀਤਾ। ਪੱਛਮੀ ਸਿੱਖਿਆ ਦਾ ਪ੍ਰਭਾਵ ਸਭ ਤੋਂ ਜ਼ਿਆਦਾ ਜ਼ੋਰ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਵਿਚ ਕਾਮਯਾਬ ਹੋ ਗਿਆ। ਜਿਵੇਂ ਪਹਿਲਾਂ ਭਾਰਤੀਆਂ ਨੇ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਦਾ ਇਤਿਹਾਸ ਪੜ੍ਹਿਆ ਉਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿਚ ਚੱਲ ਰਹੇ ਰਾਸਟਰੀ ਅੰਦੋਲਨਾਂ ਦਾ ਗਿਆਨ ਪ੍ਰਾਪਤ ਹੋਇਆ ਜਿਵੇਂ ਸ ਫ਼ਰਾਂਸੀਸੀ ਕ੍ਰਾਂਤੀ ਅਮਰੀਕਾ ਦਾ ਸੁਤੰਤਰਤਾ ਸੰਗਰਾਮ ਦੀ ਆਜ਼ਾਦੀ ਦਾ ਯੁੱਧ ਇਟਲੀ ਦਾ ਏਕੀਕਰਨ ਜਰਮਨੀ ਦਾ ਏਕੀਕਰਨ ਇਨ੍ਹਾਂ ਨੇ ਉਨ੍ਹਾਂ ਦੇ ਮਨ ਉੱਤੇ ਡੂੰਘਾ ਪ੍ਰਭਾਵ ਪਾਇਆ।

Scanned with CamScanner

5 ਅੰਗਰੇਜ਼ੀ ਭਾਸ਼ਾ ਦਾ ਪ੍ਰਸਾਰ

1835 ਈਸਵੀ ਵਿਚ ਅੰਗਰੇਜ਼ੀ ਭਾਸ਼ਾ ਨੂੰ ਭਾਰਤ ਵਿੱਚ ਸਿੱਖਿਆ ਦਾ ਮਾਧਿਅਮ ਬਣਾ ਦਿੱਤਾ ਗਿਆ ।ਇਸ ਭਾਸ਼ਾ ਦਾ ਸਾਰੇ ਦੇਸ਼ ਵਿੱਚ ਪ੍ਰਚਾਰ ਹੋਇਆ ਇਸ ਨੇ ਭਾਰਤੀਆਂ ਨੂੰ ਸੁਰੱਖਿਅਤ ਕਰਨ ਵਿਚ ਖਾਸ ਯੋਗਦਾਨ ਦਿੱਤਾ । ਇਸ ਭਾਸ਼ਾ ਦੇ ਸਾਰੇ ਭਾਰਤ ਵਿੱਚ ਪ੍ਰਸਾਰ ਹੋ ਜਾਣ ਦੇ ਨਤੀਜੇ ਵਜੋਂ ਵੱਖ-ਵੱਖ ਪ੍ਰਾਂਤਾਂ ਦੇ ਲੋਕ ਇਕ ਦੂਜੇ ਦੇ ਨੇੜੇ ਆਉਣ ਲੱਗੇ ਅਤੇ ਉਨ੍ਹਾਂ ਲਈ ਅੰਗਰੇਜ਼ੀ ਰਾਜ ਦੇ ਵਿਰੁੱਧ ਅੰਦੋਲਨ ਕਰਨਾ ਸੌਖਾ ਹੋ ਗਿਆ।

6 ਭਾਰਤੀਆਂ ਦਾ ਆਰਥਿਕ ਸ਼ੋਸ਼ਣ

ਅੰਗਰੇਜ਼ਾਂ ਨੇ ਇੰਗਲੈਂਡ ਦੇ ਹਿੱਤਾਂ ਲਈ ਭਾਰਤੀ ਵਪਾਰ ਅਤੇ ਉਦਯੋਗਾਂ ਨੂੰ ਨਸ਼ਟ ਕਰ ਦਿੱਤਾ ਅਤੇ ਅਨੇਕ ਪ੍ਰਕਾਰ ਦੀਆਂ ਰੋਕਾਂ ਲਗਾ ਦਿੱਤੀਆਂ ਗਈਆਂ ਸਨ। ਇਸ ਨਾਲ ਇੰਗਲੈਂਡ ਦੇ ਵਪਾਰੀਆਂ ਨੂੰ ਬਹੁਤ ਲਾਭ ਪ੍ਰਾਪਤ ਹੋਣ ਲੱਗਾ ਜਿਸ ਦੇ ਨਤੀਜੇ ਵਜੋਂ ਇੰਗਲੈਂਡ ਦੇ ਵਪਾਰੀ ਦਿਨ-ਪ੍ਰਤਿਦਿਨ ਅਮੀਰ ਹੋਣ ਲੱਗੇ ਅਤੇ ਭਾਰਤੀ ਗਰੀਬੀ ਵੱਲ ਧੱਕੇ ਗਏ ।ਇਸ ਤਰਾਂ ਦੇ ਆਰਥਿਕ ਪਰਭਾਵ ਲੋਕਾਂ ਲਈ ਬਹੁਤ ਹੀ ਬਿਪਤਾ ਜਨਕ ਸਨ ਅੰਗਰੇਜ਼ਾਂ ਰਾਹੀਂ ਦੇਸ਼ ਦੀ ਇਸ ਆਰਥਿਕ ਲੁੱਟ-ਖਸੁੱਟ ਨੇ ਲੋਕਾਂ ਦੇ ਵਿਰੁੱਧ ਭਾਵਨਾਵਾਂ ਪੈਦਾ ਕਰ ਦਿੱਤੀਆਂ ਜਿਸ ਨੇ ਰਾਸ਼ਟਰੀ ਚੇਤਨਾ ਨੂੰ ਜਨਮ ਦਿੱਤਾ।

7 1857 ਦਾ ਵਿਦਰੋਹ

1857 ਅਤੇ 58 ਦੇ ਮਹਾਨ ਵਿਦਰੋਹ ਨੇ ਵੀ ਭਾਰਤੀਆਂ ਨੂੰ ਸੁਤੰਤਰਤਾ ਅੰਦੋਲਨ ਦੇ ਲਈ ਪ੍ਰੇਰਿਆ।ਇਹ ਵਿਦਰੋਹ ਰਾਜ ਦੇ ਵਿਰੁੱਧ ਬਹੁਤ ਵੱਡੇ ਪੈਮਾਨੇ ਦੇ ਵਿੱਚ ਚੱਲਿਆ ।ਜਿਸ ਵਿੱਚ ਜਿਸ ਵਿਚ ਬਹੁਤ ਸਾਰੇ ਭਾਰਤੀ ਸੈਨਿਕਾਂ ਦੇਸੀ ਰਾਜਿਆਂ ਅਤੇ ਲੋਕਾਂ ਨੇ ਹਿੱਸਾ ਲਿਆ ਭਾਵੇਂ ਇਸ ਨੂੰ ਰਾਸ਼ਟਰੀ ਵਿਦਰੋਹ ਨਹੀਂ ਕਿਹਾ ਜਾ ਸਕਦਾ ਫਿਰ ਵੀ ਇਸ ਵਿਦਰੋਹ ਦੀ ਪਵਿੱਤਰ ਯਾਦ ਨੇ ਨਿਰਸੰਦੇਹ ਰਾਸ਼ਟਰੀ ਅੰਦੋਲਨ ਨੂੰ ਸ਼ਕਤੀ ਪ੍ਰਦਾਨ ਕੀਤੀ।

8 ਭਾਰਤੀਆਂ ਨੂੰ ਉੱਚੀਆਂ ਸਰਕਾਰੀ ਨੌਕਰੀਆਂ ਤੋਂ ਵਾਂਝੇ ਰੱਖਣ ਦੀ ਨੀਤੀ

ਅਗ਼ਰੇਜ ਸਰਕਾਰ ਦੀ ਸਦਾ ਇਹ ਨੀਤੀ ਰਹੀ ਸੀ ਕਿ ਭਾਰਤੀਆਂ ਨੂੰ ਉੱਚੇ ਅਹੁਦਿਆਂ ਤੋਂ ਦੂਰ ਰੱਖਿਆ ਜਾਵੇ ਇਸ ਲਈ 1857 ਸਿਵਲ ਸਰਵਿਸ ਦੀਆਂ ਸਾਰੀਆਂ ਨੌਕਰੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਨਾਲ ਭਰਨ ਦੀ ਸ਼ੁਰੂਆਤ ਕੀਤੀ। ਜਿਸ ਦੀਆਂ ਸ਼ਰਤਾਂ ਬਹੁਤ ਸਖ਼ਤ ਰੱਖੀਆਂ ਗਈਆਂ ਅਜੇਹਾ ਜਾਣਬੁੱਝ ਕੇ ਕੀਤਾ ਗਿਆ ਹੋ ਤਾਂ ਜੋ ਭਾਰਤੀ ਏਨਾ ਵਿੱਚ ਸ਼ਾਮਲ ਨਾ ਹੋ ਸਕਣ ।

9 ਅੰਗਰੇਜ਼ਾਂ ਦਾ ਭਾਰਤੀਆਂ ਨਾਲ ਅਪਮਾਨਜਨਕ ਵਿਉਹਾਰ

ਅੰਗਰੇਜ਼ਾਂ ਦਾ ਭਾਰਤੀਆਂ ਨਾਲ ਵਿਹਾਰ ਚੰਗਾ ਨਹੀਂ ਸੀ ਉਹ ਭਾਰਤੀਆਂ ਨੂੰ ਨੀਚ ਅਸੱਭਿਅਕ ਸਮਝ ਕੇ ਉਨ੍ਹਾਂ ਤੋਂ ਨਫਰਤ ਕਰਦੇ ਸਨ ਸਰਕਾਰੀ ਕਰਮਚਾਰੀਆਂ ਦਾ ਵਿਹਾਰ ਵੀ ਲੋਕਾਂ ਲਈ ਚੰਗਾ ਨਹੀਂ ਸੀ ਜਿਸ ਕਰਕੇ ਅੰਗਰੇਜ਼ ਸਰਕਾਰ ਅਤੇ ਕਰਮਚਾਰੀਆਂ ਦੇ ਖਿਲਾਫ ਸਨ। ਬਦੇਸ਼ੀ ਸਰਕਾਰ ਦੇ ਇਸ ਤਰਾਂ ਦੇ ਵਿਉਹਾਰ ਤੋਂ ਤੰਗ ਆ ਕੇ ਭਾਰਤੀ ਲੋਕ ਉਨ੍ਹਾਂ ਤੋਂ ਆਜ਼ਾਦੀ ਚਾਹੁੰਦੇ ਸਨ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚੋਂ ਬਾਹਰ ਕੱਢ ਕੇ ਆਜ਼ਾਦ ਹੋਣ ਦੀਆਂ ਭਾਵਨਾਵਾਂ ਜ਼ੋਰ ਫੜਨ ਲੱਗੀਆਂ।

10 ਬ੍ਰਿਟਿਸ਼ ਸਰਕਾਰ ਦੀ ਜਾਤੀ ਸੰਬੰਧੀ ਭੇਦ ਭਾਵ ਦੀ ਨੀਤੀ

ਭਾਵੇਂ 1857 ਦੇ ਵਿਦਰੋਹ ਦੇ ਪਿੱਛੋਂ ਮਹਾਰਾਣੀ ਵਿਕਟੋਰੀਆ ਨੇ ਘੋਸ਼ਣਾ ਵਿਚ ਕਿਹਾ ਸੀ ਕਿ ਰਾਜ ਦੇ ਮਾਮਲੇ ਕੋਈ ਧਰਮ ਜਾਂ ਜਾਤੀ ਦੇ ਆਧਾਰ ਤੇ ਭੇਦਭਾਵ ਨਹੀਂ ਰਖਿਆ ਜਾਏਗਾ ਫਿਰ ਵੀ ਭਾਰਤ ਦੀ ਅੰਗਰੇਜ਼ ਸਰਕਾਰ ਨੇ ਜਾਤੀ ਭੇਦਭਾਵ ਦੀ ਨੀਤੀ ਨੂੰ ਨਾ ਛੱਡਿਆ ਲਾਡ ਲੇਟਨ ਦੇ ਸ਼ਾਸਨਕਾਲ ਵਿਚ ਵਰਨੇਕੁਲ ਪ੍ਰੈੱਸ ਐਕਟ ਪਾਸ ਹੋਇਆ ਜਿਸ ਅਨੁਸਾਰ ਦੇਸੀ ਭਾਸ਼ਾਵਾਂ ਵਿਚ ਛਾਪਣ ਵਾਲ਼ੇ ਸਮਾਚਾਰ ਪੱਤਰਾਂ ਅਤੇ ਰੋਕਾਂ ਲਗਾ ਦਿੱਤੀਆਂ ਗਈਆਂ।

ਅਠਾਰਾਂ ਸੌ ਸੱਤਰ ਦੇ ਆਰਮਜ਼ ਐਕਟ ਰਾਹੀਂ ਭਾਰਤੀਆਂ ਨੂੰ ਸ਼ਸਤਰ ਰਖਣ ਦੀ ਮਨਾਹੀ ਕਰ ਦਿੱਤੀ ਗਈ ਪ੍ਰੰਤੂ ਅੰਗਰੇਜ਼ਾਂ ਉਤੇ ਅਜਿਹੀ ਕੋਈ ਪਾਬੰਦੀ ਨਾ ਲਗਾਈ ਗਈ। ਇਸ ਦੇ ਇਲਾਵਾ ਭਾਰਤੀ ਜੱਜਾਂ ਨੂੰ ਵਿਦੇਸ਼ੀਆਂ ਦੇ ਮੁਕੱਦਮਿਆਂ ਦਾ ਫੈਸਲਾ ਕਰਨ ਦਾ ਅਧਿਕਾਰ ਨਾ ਦਿੱਤਾ ਗਿਆ।

11 ਵਿਦੇਸ਼ੀ ਅੰਦੋਲਨਾਂ ਦਾ ਪ੍ਰਭਾਵ

Scanned with CamScanner

ਉਨ੍ਹੀਵੀਂ ਸਦੀ ਵਿਚ ਯੂਰਪ ਵਿੱਚ ਚੱਲਣ ਵਾਲੇ ਕਈ ਸੁਤੰਤਰਤਾ ਸੰਗਰਾਮ ਨੇ ਵੀ ਭਾਰਤ ਦੇ ਰਾਸ਼ਟਰੀ ਅੰਦੋਲਨ ਉਤੇ ਗਹਿਰਾ ਪ੍ਰਭਾਵ ਪਾਇਆ 1830,1848 ਦੀਆਂ ਫਰਾਂਸੀਸੀ ਕ੍ਰਾਂਤੀ ਦੇ ਪ੍ਰਭਾਵ ਵਿਚ ਯੂਰਪ ਦੇ ਵਿੱਚ ਕਈ ਰਾਸ਼ਟਰੀ ਅੰਦੋਲਨ ਚੱਲੇ । ਇਨ੍ਹਾਂ ਸਾਰੇ ਅੰਦੋਲਨ ਤੋਂ ਭਾਰਤੀ ਰਾਸ਼ਟਰੀ ਅੰਦੋਲਨ ਨੂੰ ਪ੍ਰੇਰਣਾ ਮਿਲੇ ਆਇਰਲੈਂਡ ਦੇ ਰਾਸ਼ਟਰੀ ਅੰਦੋਲਨ ਦਾ ਭਾਰਤੀ ਸੁਤੰਤਰਤਾ ਦੇ ਅੰਦੋਲਨ ਉੱਤੇ ਸਭਤੋਂ ਜਿਆਦਾ ਪ੍ਰਭਾਵ ਪਿਆ ਹੈ uk ਇੰਗਲੈਂਡ ਦੇ ਅਧੀਨ ਸੀ। ਭਾਰਤੀਆਂ ਨੇ ਆਇਰਲੈਂਡ ਦੇ ਸੁਤੰਤਰਤਾ ਅੰਦੋਲਨ ਤੋਂ ਬਹੁਤ ਕੁਝ ਸਿੱਖਿਆ ਅਤੇ ਉਸ ਦੀ ਨਕਲ ਕਰਦੇ ਹੋਏ ਰਾਸ਼ਟਰੀ ਅੰਦੋਲਨ ਨੂੰ ਉਤਸ਼ਾਹਿਤ ਕੀਤਾ।

12 ਮੱਧ ਸ਼੍ਰੇਣੀ ਦੀ ਦੇਣ

ਉਨੀਵੀਂ ਸਦੀ ਦੇ ਦੂਜੇ ਅੱਧ ਅਤੇ ਵੀਹਵੀਂ ਸਦੀ ਦੇ ਆਰੰਭ ਵਿੱਚ ਭਾਰਤ ਵਿੱਚ ਮੱਧ ਸ਼੍ਰੇਣੀ ਦਾ ਉਥਾਨ ਹੋਇਆ। ਇਸ ਸ਼੍ਰੇਣੀ ਵਿੱਚ ਵਕੀਲ ਅਧਿਆਪਕ ਡਾਕਟਰ ਉਦਯੋਗਪਤੀ ਵਪਾਰੀ ਆਦਿ ਸ਼ਾਮਲ ਸਨ ਉਹ ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਅਤੇ ਕਾਰਜਾਂ ਕਾਰਨ ਅਸੰਤੁਸ਼ਟ ਸਨ ਉਨ੍ਹਾਂ ਵਿੱਚ ਸਮਾਜ ਦੀ ਅਗਵਾਈ ਕਰਨ ਦੀ ਪ੍ਰਬਲ ਇੱਛਾ ਸੀ ਇਸ ਸ਼੍ਰੇਣੀ ਦੇ ਲੋਕਾਂ ਵਿਚ ਸਭ ਤੋਂ ਪਹਿਲਾ ਰਾਸ਼ਟਰੀ ਭਾਵਨਾ ਪੈਦਾ ਹੋਈਆ ਉਨ੍ਹਾਂ ਨੇ ਰਾਸ਼ਟਰੀ ਅੰਦੋਲਨ ਵਿੱਚਸਭ ਤੋਂ ਵਧ ਕੇ ਭਾਗ ਲਿਆ। ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਰੇ ਮੰਨੇ-ਪ੍ਰਮੰਨੇ ਨੇਤਾ ਇਸੇ ਸ਼੍ਰੇਣੀ ਦੇ ਸਨ।

ਰਾਹ ਦਰਸਾਊ ਸੰਸਥਾਵਾਂ

ਕੌਮੀ ਜਜ਼ਬੇ ਦੇ ਵਿਕਾਸ ਨਾਲ ਭਾਰਤੀਆਂ ਵਿਚ ਰਾਜਨੀਤਕ ਜਾਗ੍ਰਿਤੀ ਆਈ ਉਨ੍ਹਾਂ ਵਿੱਚ ਜਥੇਬੰਦ ਹੋਣ ਦੀ ਇੱਛਾ ਪੈਦਾ ਹੋਈ ਜਿਸ ਦੇ ਸਿੱਟੇ ਵਜੋਂ ਬ੍ਰਿਟਿਸ਼ ਇੰਡੀਆ ਐਸੋਸੀਏਸ਼ਨ ਅਤੇ ਬ੍ਰਿਟਿਸ਼ ਇੰਡੀਆ ਸੋਸਾਇਟੀ ਇੰਡੀਆ ਲੀਗ ਇੰਡੀਅਨ ਐਸੋਸੀਏਸ਼ਨ ਪੂਨਾ ਸਰਵਜਨਕ ਸਭਾ ਆਦਿ ਦੇ ਰੂਪ ਵਿੱਚ ਕਈ ਜਥੇਬੰਦੀਆਂ ਹੋਂਦ ਵਿੱਚ ਆਈਆਂ। ਭਾਵੇਂ ਇਨ੍ਹਾਂ ਜਥੇਬੰਦੀਆਂ ਦਾ ਸਥਾਨਕ ਮਹੱਤਵ ਸੀ ਪਰ ਫਿਰ ਵੀ ਇਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਵਿੱਚ ਖਾਸ ਯੋਗਦਾਨ ਪਾਇਆ ਇਸ ਲਈ ਇਨ੍ਹਾਂ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਰਾਹ ਦਰਸਾਊ ਸੰਸਥਾਵਾਂ ਦਾ ਮਾਣ ਪ੍ਰਾਪਤ ਹੈ।

ਬ੍ਰਿਟਿਸ਼ ਇੰਡੀਆ ਸੁਸਾਇਟੀ ਇਸ ਸੰਸਥਾ ਦੀ ਸਥਾਪਨਾ ਬੰਗਾਲ ਵਿੱਚ ਹੋਈ ਜੋ ਕਿ ਉਨ੍ਹਾਂ ਦਿਨਾਂ ਵਿਚ ਭਾਰਤ ਦੇ ਰਾਜਨੀਤਿਕ ਅੰਦੋਲਨ ਦਾ ਰਾਹ ਦਰਸਾਊ ਇਲਾਕਾ ਸੀ। ਬ੍ਰਿਟਿਸ਼ ਇੰਡੀਆ ਐਸੋਸੀਏਸ਼ਨ ਦੀ ਸਥਾਪਨਾ ਇਸ ਵਿੱਚ ਬੰਗਾਲ ਵਿੱਚ ਹੋਈ ਹੈ ਏਹ ਦੂਸਰਈ ਮਹੱਤਵਪੂਰਨ ਸੰਸਥਾ ਸੀ। ਇੰਡੀਆ ਲੀਗ ਬੰਗਾਲ ਦੇ ਕੁਝ ਉਘੇ ਸਿਆਸਤਦਾਨਾਂ ਨੇ 1870 ਈਸਵੀ ਵਿੱਚ ਇੰਡੀਆ ਲੀਗ ਨਾਂ ਦੀ ਇਕ ਹੋਰ ਜਥੇਬੰਦੀ ਜਿਸ ਦਾ ਉਦੇਸ਼ ਭਾਰਤੀਆਂ ਦੇ ਕੌਮੀ ਜ਼ਜਬੇ ਨੂੰ ਉਭਾਰਨਾ ਸੀ ਅਤੇ ਉਨ੍ਹਾਂ ਵਿਚ ਰਾਜਨੀਤਕ ਜਾਗ੍ਰਿਤੀ ਪੈਦਾ ਕਰਨਾ ਸੀ। ਇੰਡੀਅਨ ਐਸੋਸੀਏਸ਼ਨ ਇਸ ਜਥੇਬੰਦੀ ਦਾ ਉਦਘਾਟਨ 26 ਜੁਲਾਈ ਨੂੰ ਕਲਕੱਤੇ ਦੇ ਹਾਲ ਵਿੱਚ ਹੋਇਆ ।ਇਸ ਵਿਚ ਸ੍ਰੀ ਸੁਰਿੰਦਰ ਨਾਥ ਬੈਨਰਜੀ ਨੇ ਇਸ ਮੌਕੇ ਕਿਹਾ ਕਿ ਇੰਡੀਅਨ ਐਸੋਸੀਏਸ਼ਨ ਦੇ ਬਣਾਉਣ ਦੇ ਮੁੱਖ ਕਾਰਨ ਹੇਠ ਲਿਖੇ ਹਨ। ਪਹਿਲਾ ਦੇਸ਼ ਵਿਚ ਸ਼ਕਤੀਸ਼ਾਲੀ ਲੋਕ-ਰਾਇ ਨੂੰ ਪੈਦਾ ਕਰਨਾ ਦੂਜਾ ਹਿੰਦੂਆਂ ਅਤੇ ਮੁਸਲਮਾਨਾਂ ਦੀ ਆਪਸੀ ਮਿੱਤਰਤਾ ਨੂੰ ਵਧਾਉਣਾ ਤੀਜਾ ਜਨਤਾ ਦੇ ਹਿਤਾਂ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਅਧਾਰ ਬਣਾ ਕੇ ਭਾਰਤੀਆਂ ਵਿੱਚ ਏਕਤਾ ਪੈਦਾ ਕਰਨ ਦਾ ਜਤਨ ਕਰ ਕੇ ਲੋਕਾਂ ਨੂੰ ਸ਼ਾਮਲ ਕਰਨਾ। ਬੰਬਈ ਪ੍ਰੈਜੀਡੈਂਸੀ ਐਸੋਸੀਏਸ਼ਨ ਦੀ ਸਥਾਪਨਾ 19 ਵੀਂ ਸਦੀ ਦੇ ਪਹਿਲੇ ਅੱਧ ਵਿੱਚ ਬੰਬਈ ਵਿੱਚ ਹੋਏ ਤਾਂ ਉਸ ਨੂੰ ਕੁਝ ਖਾਸ ਸਫਲਤਾ ਨਾ ਮਿਲੀ। ਪੂਨਾ ਸਰਵਜਨਕ ਸਭਾ ਦੀ ਸਥਾਪਨਾ 1867 ਈਸਵੀ ਵਿੱਚ ਹੋਈ ਜਿਸ ਦਾ ਉਦੇਸ਼ ਦੱਖਣ ਦੀ ਜਨਤਾ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਦੇਣਾ ਸੀ।

ਨੈਸ਼ਨਲ ਕਾਨਫਰੰਸ

ਉਪਰੋਕਤ ਸੰਸਥਾਵਾਂ ਦੀਆਂ ਕਾਰਵਾਈਆਂ ਨੇ ਜਨਤਾ ਵਿੱਚ ਜਲਦੀ ਹੀ ਇਹ ਵਿਚਾਰ ਪੈਦਾ ਕਰ ਦਿੱਤਾ ਹੈ ਭਾਰਤ ਵਿਚ ਇੱਕ ਦੇਸ਼ ਵਿਆਪੀ ਜਥੇਬੰਦੀ ਦੀ ਸਥਾਪਨਾ ਹੋਣੀ ਚਾਹੀਦੀ ਹੈ ਇਸ ਨਾਲ ਇਹ ਚਰਚਾ ਸ਼ੁਰੂ ਹੋ ਗਈ ਕੇ ਭਾਰਤ ਵਿਚ ਇਕ ਦੇਸ਼ ਵਿਆਪੀ ਸੰਸਥਾ ਬਣਾਈ ਜਾਣੀ ਚਾਹੀਦੀ ਹੈ ਇਸ ਲਈ ਇੰਡੀਅਨ ਐਸੋਸੀਏਸ਼ਨ ਦੇ ਜਤਨਾਂ ਨਾਲ ਕਲਕੱਤੇ ਵਿੱਚ ਸਰਬ-ਹਿੰਦ ਕਾਨਫਰੰਸ ਬੁਲਾਈ ਗਈ ਜਿਸ ਵਿੱਚ ਬੰਬਈ ਮਦਰਾਸ ਅਹਿਮਦਾਬਾਦ ਆਦਿ ਅਤੇ ਹੋਰ ਕਈ ਸਥਾਨਾਂ ਦੇ ਪ੍ਰਤੀਨਿਧ ਸ਼ਾਮਲ ਹੋਏ।

ਇੰਡੀਅਨ ਨੈਸ਼ਨਲ ਕਾਂਗਰਸ ਦਾ ਜਨਮ 1885

Scanned with CamScanner

ਹਿਊਮ ਦੀ ਖੁੱਲ੍ਹੀ ਚਿੱਠੀ ਅਤੇ ਕਾਂਗਰਸ ਦੀ ਸਥਾਪਨਾ

ਜਦੋਂ ਭਾਰਤ ਦੇ ਵਿਚ ਇੱਕ ਜਥੇਬੰਦੀ ਨੂੰ ਕਾਇਮ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ ਉਨ੍ਹਾਂ ਹੀ ਦਿਨਾਂ ਦੇ ਵਿੱਚ ਏ ਓ ਹਿਊਮ ਜੋ ਕਿ ਭਾਰਤ ਦੇ ਸਿਵਲ ਸਰਵਿਸ ਦਾ ਮੈਂਬਰ ਸੀ ਉਹ ਮਾਰਚ 1883 ਈਸਵੀ ਨੂੰ ਕਲਕੱਤਾ ਦੇ university ਦੇ ਨੌਜਵਾਨਾਂ ਦੇ ਨਾਮ ਇੱਕ ਖੁੱਲੀ ਚਿੱਠੀ ਜਿਸ ਵਿੱਚ ਉਸ ਨੇ ਉਨ੍ਹਾਂ ਨੂੰ ਆਪਣੇ ਦੇਸ਼ ਵਾਸੀਆਂ ਦੇ ਇਖ਼ਲਾਕੀ ਸਮਾਜਿਕ ਅਤੇ ਰਾਜਨੀਤਿਕ ਉਭਆਰ ਲਈ ਜੱਥੇਬੰਦੀ ਬਣਾਉਣ ਉਪਰ ਜ਼ੋਰ ਦਿੱਤਾ। ਮਿਸਟਰ ਹੀਊਮ ਦੀ ਚਿੱਠੀ ਅਤੇ ਇਸ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਭਾਰਤੀਆਂ ਨੇ ਸਵਾਗਤ ਕੀਤਾ ਇਸ ਕਰ ਕੇ 1884 ਇਸਵੀ ਦੇ ਆਖਰੀ ਦਿਨਾਂ ਵਿਚ ਇੰਡੀਅਨ ਨੈਸ਼ਨਲ ਯੂਨੀਅਨ ਦੀ ਸਥਾਪਨਾ ਕੀਤੀ ਗਈ। ਇਸ ਰਾਜਨੀਤਕ ਜਥੇਬੰਦੀ ਦਾ ਪਹਿਲਾ ਇਜਲਾਸ 25 ਦਸੰਬਰ 1884 ਨੂੰ ਬੰਬਈ ਵਿੱਚ ਡਬਲਿਊ ਸੀ ਬੈਨਰਜੀ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਦੇਸ਼ ਦੇ ਲਗਭਗ ਸਾਰੇ ਹੀਸਿਆਂ ਦੇ ਲੋਕ ਇਸ ਵਿੱਚ ਸ਼ਾਮਲ ਹੋਏ। ਦਾਦਾ ਭਾਈ ਨਾਰੋਜੀ ਦੇ ਜ਼ੋਰ ਨਾਲ ਇਸ ਜਥੇਬੰਦੀ ਦਾ ਨਾਮ ਇੰਡੀਅਨ ਨੈਸ਼ਨਲ ਯੂਨਿਅਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਰੱਖਿਆ ਗਿਆ ਇਸ ਜਥੇਬੰਦੀ ਦਾ ਜਨਮ ਜਿਸ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਸੀ ਭਾਰਤੀਆਂ ਲਈ ਬਹੁਤ ਹੀ ਮਹੱਤਵਪੂਰਨ ਸੀ।

ਹੀਊਮ ਦਾ ਉਦੇਸ਼

ਮਿਸਟਰ ਹੀਊਮ ਜੋ ਭਾਰਤ ਵਾਸੀਆਂ ਨਾਲ ਖਾਸ ਹਮਦਰਦੀ ਰੱਖਦਾ ਸੀ ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ ਫਿਰ ਇਹ ਸੋਚਣਾ ਗ਼ਲਤ ਹੋਵੇਗਾ ਕਿ ਉਸ ਨੇ ਇਹ ਕੰਮ ਕੇਵਲ ਭਾਰਤੀ ਨਾਲ ਹਮਦਰਦੀ ਤੋਂ ਪ੍ਰੇਰਤ ਹੋ ਕੇ ਕੀਤਾ ਸੀ ਇਸ ਦਾ ਕਾਰਨ ਇਹ ਸੀ ਕਿ ਭਾਰਤ ਅਤੇ ਉਸ ਨੂੰ ਅੰਗਰੇਜ਼ ਸਰਕਾਰ ਲਈ ਬਹੁਤ ਚਿੰਤਾ ਸੀ ਕਿਉਂਕਿ ਉਸ ਨੂੰ ਲਗਦਾ ਸੀ ਕੇ ਕੋਈ ਇਕ ਅਜਿਹੀ ਸੰਸਥਾ ਜਰੂਰ ਹੋਣੀ ਚਾਹੀਦੀ ਹੈ ਜੋ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਦੇ ਸਾਹਮਣੇ ਰੱਖ ਸਕੇ ਅਤੇ ਉਨ੍ਹਾਂ ਵਿੱਚ ਵਧ ਰਹੀ ਬੇਚੈਨੀ ਨੂੰ ਦੂਰ ਕਰਾਉਣ ਵਿੱਚ ਸਰਕਾਰ ਦੀ ਮਦਦ ਕਰ ਸਕੇ ਨਹੀਂ ਤਾਂ 1857 ਦੇ ਵਿਦ੍ਰੋਹ ਵਾਲੇ ਹਾਲਾਤ ਫਿਰ ਤੋਂ ਬਣ ਜਾਣਗੇ। ਉਨ੍ਹਾਂ ਦਿਨਾਂ ਵਿੱਚ ਸਰਕਾਰ ਦਾ ਵੀ ਇਹ ਵਿਚਾਰ ਸੀ ਕਿ ਇਹ ਸੰਸਥਾ ਸਰਕਾਰ ਦੀ ਮਦਦਗਾਰ ਹੋਵੇਗੀ ਇਹ ਇਕ ਲਾਭਦਾਇਕ ਰੋਲ਼ ਨਿਭਾਏਗੀ ਜੋ ਇੰਗਲੈਂਡ ਦੀ ਸੰਸਦ ਦੇ ਵਿਚ ਬੈਠ ਕੇ ਵਿਰੋਧੀ ਪਾਰਟੀ ਕਰਦੀ ਹੈ।

ਕਾਂਗਰਸ ਦੇ ਉਦੇਸ਼

ਇੰਡੀਅਨ ਨੈਸ਼ਨਲ ਕਾਂਗਰਸ ਦੇ ਪਹਿਲੇ ਇਜਲਾਸ ਵਿਚ ਹੀ ਉਸ ਦੇ ਪ੍ਰਧਾਨ ਡਬਲਿਊ ਸੀ ਬੈਨਰਜੀ ਨੇ ਉਸ ਦੇ ਉਦੇਸ਼ਾਂ ਦੀ ਵਿਆਖਿਆ ਕੀਤੀ। ਜੋ ਹੇਠ ਲਿਖੇ ਹਨ।

1 ਅੰਗਰੇਜ਼ੀ ਸਾਮਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿਣ ਵਾਲੇ ਆਗੂਆਂ ਵਿੱਚ ਜੋ ਭਾਰਤੀ ਹਿੱਤਾਂ ਲਈ ਜੁਟੇ ਹੋਏ ਹਨ ਆਪਸੀ ਮੇਲ ਮਿਲਾਪ ਅਤੇ ਮਿੱਤਰਤਾ ਨੂੰ ਉਤਸ਼ਾਹਿਤ ਕਰਨਾ।

2 ਲਾਰਡ ਰਿਪਨ ਦੇ ਰਾਜ ਕਾਲ ਵਿੱਚ ਪੈਦਾ ਹੋਏ ਕੌਮੀ ਏਕਤਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਅਤੇ ਭਾਰਤ ਦੇ ਪ੍ਰੇਮੀਆਂ ਵਿਚ ਧਰਮ ਅਤੇ ਸੂਬਾਈ ਮਤਭੇਦਾਂ ਨੂੰ ਦੂਰ ਕਰਨਾ।

3 ਮਹੱਤਵਪੂਰਨ ਸਮਾਜਿਕ ਸਮੱਸਿਆਵਾਂ ਦੇ ਸਬੰਧ ਵਿੱਚ ਪੜ੍ਹੇ ਲਿਖੇ ਭਾਰਤੀਆਂ ਦੇ ਵਿਚਾਰਾਂ ਨੂੰ ਪ੍ਰਮਾਣਤ ਰੂਪ ਵਿੱਚ ਇਕੱਠਾ ਕਰਨਾ।

4 ਉਸ ਨੀਤੀ ਨੂੰ ਨਿਸਚਿਤ ਕਰਨਾ ਜਿਸ ਅਨੁਸਾਰ ਅਗਲੇ 12 ਮਹੀਨਿਆਂ ਵਿੱਚ ਭਾਰਤੀ ਰਾਜਨੀਤਕ ਲੋਕ ਭਲਾਈ ਦੇ ਕੰਮ ਕਰ ਸਕਣ। ਇਹ ਉਦੇਸ਼ ਕਾਂਗਰਸ ਦੇ ਮੁਢਲੇ ਉਦੇਸ਼ ਸਨ ਇਸ ਤੋਂ ਮਗਰੋਂ ਸਮੇਂ-ਸਮੇਂ ਉੱਪਰ ਬਦਲਦੇ ਰਹੇ ਕਾਂਗਰਸ ਦੇ ਸਲਾਨਾ ਇਜਲਾਸ ਵਿਚ ਪਾਸ ਹੋਏ ਮਤਿਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸ਼ੁਰੂ ਵਿਚ ਕਾਂਗਰਸ ਦਾ ਮੁੱਖ ਉਦੇਸ਼ ਸੁਧਾਰਾਂ ਦੀ ਮੰਗ ਕਰਨਾ ਸੀ ਬਾਅਦ ਵਿੱਚ ਲੱਗਭੱਗ 20 ਵਰ੍ਹਿਆਂ ਪਿੱਛੋਂ ਕਾਂਗਰਸ ਸ਼ਾਸਨ ਦੀ ਮੰਗ ਕਰਨ ਲੱਗੇ ਅੰਤ ਵਿੱਚ ਇਸ ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਬਣਾ ਲਿਆ।

ਕਾਂਗਰਸ ਦਾ ਰੂਪ

ਕੁਝ ਸੁਆਰਥੀ ਅਤੇ ਕਾਂਗਰਸ ਵਿਰੋਧੀ ਤੱਤਾਂ ਨੇ ਇਸ ਦੇ ਰੂਪ ਨੂੰ ਜਾਣ ਬੁਝ ਕੇ ਗ਼ਲਤ ਸਮਝਾਉਣ ਦੀ ਕੋਸ਼ਿਸ਼ ਕੀਤੀ ਲਾਡਰ ਡਫਰਨ ਨੇ ਇਸ ਸਬੰਧ ਵਿੱਚ ਕਿਹਾ ਕਿ ਕਾਂਗਰਸ ਦੇ ਮੈਂਬਰ ਅੰਗਰੇਜ਼ ਭਾਰਤੀਆਂ ਦੀ ਇਕ ਛੋਟੀ ਜਿਹੀ ਜਮਾਤ ਦਾ ਹਿੱਸਾ ਹਨ ਜੋ ਉਹ ਭਾਰਤੀ ਰਾਸ਼ਟਰੀ ਸੰਸਥਾ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਸੋ ਉਹ ਭਾਰਤੀ ਜਨਤਾ ਦੇ

Scanned with CamScanner

ਪ੍ਰਤਿਨਿਧ ਕਿਵੇਂ ਹੋ ਸਕਦੇ ਹਨ ਉਸ ਨੇ ਇਹ ਵੀ ਪ੍ਰਗਟ ਕੀਤਾ ਕਿ ਭਾਰਤੀ ਮੁਸਲਮਾਨਾਂ ਅਤੇ ਭਾਰਤੀ ਸ਼ਾਸਕਾਂ ਨੂੰ ਇਸ ਦੇ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਹਮਦਰਦੀ ਨਹੀਂ ਹੈ।

ਨਿਰਸੰਦੇਹ ਕੁੱਝ ਕਾਂਗਰਸ ਵਿਰੋਧੀ ਲੋਕਾਂ ਨੇ ਇਸ ਨੂੰ ਸੰਪਰਦਾਇਕ ਸੰਸਥਾ ਦਾ ਨਾਮ ਦੇ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਅਸਲ ਕਾਰਨ ਇਹ ਹੈ ਕਿ ਨੈਸ਼ਨਲ ਕਾਂਗਰਸ ਮੁੱਢ ਤੋਂ ਹੀ ਇਸ ਦੇ ਦਰਵਾਜ਼ੇ ਸਾਰੇ ਭਾਰਤੀਆਂ ਦੇ ਲਈ ਹਮੇਸ਼ਾ ਖੁੱਲੇ ਰਹੇ ਹਨ

ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਰਾਸ਼ਟਰੀ ਕਾਂਗਰਸ ਸੀਰਫ ਹਿੰਦੂਆਂ ਦੀ ਸੰਸਥਾ ਨਹੀਂ ਸੀ ਸਗੋਂ ਸਾਰੇ ਭਾਰਤੀਆਂ ਦੀ ਸੰਸਥਾ ਸੀ।

Scanned with CamScanner